COMMISSIONER OF POLICE,
LUDHIANA.

ਕਮਿਸ਼ਨਰ ਪੁਲਿਸ
ਲੁਧਿਆਣਾ

English Branch
ਅੰਗਰੇਜੀ ਬ੍ਰਾਂਚ

ਹੁਕਮ

765-Ewn

ਮੇਰੇ ਦੇਖਣ ਵਿਚ ਆਇਆ ਹੈ ਕਿ ਲੁਧਿਆਣਾ ਸਹਿਰ ਵਿਚ ਵੱਡੀ ਮਾਤਰਾ ਵਿਚ ਨਿੱਜੀ ਸਕੂਲ ਖੋਲੇ ਹੋਏ ਹਨ। ਜਿੰਨ੍ਹਾਂ ਵੱਲੋ ਬੱਚਿਆ ਨੂੰ ਘਰਾ ਤੋ ਲੈ ਕੇ ਆਉਣ ਅਤੇ ਵਾਪਸ ਘਰ ਛੱਡਣ ਲਈ ਨਿੱਜੀ ਸਕੂਲ ਬੱਸਾਂ ਚਲਾਈਆ ਜਾ ਰਹੀਆ ਹਨ। ਜਿੰਨ੍ਹਾਂ ਪਰ ਵੱਖ ਵੱਖ ਜਿਲ੍ਹਿਆ ਅਤੇ ਗੈਰ ਸਟੇਟ ਨਾਲ ਸਬੰਧਤ ਡਰਾਇਵਰ, ਕਡੰਕਟਰ ਰੱਖੇ ਹੋਏ ਹਨ। ਇਸ ਤੋ ਇਲਾਵਾ ਬੱਚਿਆ ਦੀ ਪੜਾਈ ਲਈ ਨਾਨ ਟੀਚਿੰਗ ਸਟਾਫ ਸਕੂਲਾ ਵਿੱਚ ਰੱਖਿਆ ਹੋਇਆ ਹੈ, ਜੋ ਗੈਰ ਜਿਲ੍ਹਾਂ ਅਤੇ ਗੈਰ ਸਟੇਟ ਨਾਲ ਸਬੰਧਤ ਹਨ। ਸਕੂਲੀ ਬੱਚਿਆ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਨਾਨ ਟੀਚਿੰਗ ਸਟਾਫ ਅਤੇ ਸਕੂਲਾ ਦੀਆ ਨਿਜੀ ਬੱਸਾ ਪਰ ਤਾਇਨਾਤ ਡਰਾਇਵਰ ਅਤੇ ਕਡੰਕਟਰ ਦੀ ਪਿਛੋਕੜ ਬਾਰੇ ਜਾਣਕਾਰੀ ਹਾਸਲ ਕਰਨੀ ਪਬਲਿਕ ਹਿੱਤ ਵਿਚ ਜਰੂਰੀ ਹੈ ਤਾਂ ਜੋ ਉਨਾ ਦੇ ਪਿਛੋਕੜ ਬਾਰੇ ਜਾਣਿਆ ਜਾ ਸਕੇ।

ਇਸ ਲਈ ਮੈ, ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ (ਐਕਟ ਨੰਬਰ-2 ਆਫ 1974) ਦੀ ਧਾਰਾ 144 ਅਧੀਨ ਸੌਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸਨਰੇਟ ਲੁਧਿਆਣਾ ਦੇ ਇਲਾਕਾ ਵਿਚ ਇਹ ਹੁਕਮ ਪਾਸ ਕਰਦਾ ਹਾਂ ਕਿ ਕਮਿਸ਼ਨਰੇਟ ਲੁਧਿਆਣਾ ਅਧੀਨ ਪੈਂਦੇ ਨਿੱਜੀ ਸਕੂਲਾ ਦੇ ਮੁੱਖੀ ਸਕੂਲਾ ਵਿੱਚ ਤਾਇਨਾਤ ਨਾਨ ਟੀਚਿੰਗ ਸਟਾਫ ਅਤੇ ਗੱਡੀਆ ਪਰ ਤਾਇਨਾਤ ਡਰਾਇਵਰ ਅਤੇ ਕਡੰਕਟਰ ਅਤੇ ਹੋਰ ਜੋ ਕਿਸੇ ਵੀ ਤਰਾਂ ਨਾਲ ਉਨਾਂ ਪਾਸ ਨੌਕਰੀ ਕਰਦੇ ਹਨ, ਸਬੰਧੀ ਪੂਰਾ ਵੇਰਵਾ ਸਮੇਤ ਫੋਟੋ ਇਲਾਕਾ ਦੇ ਥਾਣੇ/ਪੁਲਿਸ ਚੌਕੀ ਵਿਚ ਤੁਰੰਤ ਦਰਜ ਕਰਾਉਣਗੇ।

ਮੌਜੂਦਾ ਹਲਾਤ ਨੂੰ ਮੁੱਖ ਰੱਖਦਿਆ ਹੋਇਆ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਪਬਲਿਕ ਹਿੱਤ ਲਈ ਜਾਰੀ ਕੀਤਾ ਜਾਂਦਾ ਹੈ ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋ ਅਗਲੇ ਦੋ ਮਹੀਨੇ ਤੱਕ ਲਾਗੂ ਰਹਿਣਗੇ।

ਇਹ ਹੁਕਮ ਜਿਲ੍ਹਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਹੇਠ ਮਿਤੀ 19/12/23 ..... ਨੂੰ ਕੀਤਾ ਗਿਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਨੰਬਰ 165401-500/ਏਸੀ-3 ਮਿਤੀ 19/12/2023

ਉਤਾਰਾ:-

1 ਜਿਲ੍ਹਾ ਅਤੇ ਸ਼ੈਸ਼ਨ ਜੱਜ, ਲੁਧਿਆਣਾ।
2 ਡਿਪਟੀ ਕਮਿਸਨਰ, ਲੁਧਿਆਣਾ।
3 ਸਮੂਹ ਨਿਗਰਾਨ ਅਫਸਰ, ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾ,
4 ਜਿਲਾ ਲੋਕ ਸੰਪਰਕ ਅਫਸਰ, ਲੁਧਿਆਣਾ ਅਤੇ ਸਮੂਹ ਪ੍ਰੈਸ ਲੁਧਿਆਣਾ -ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ